**ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ**
**www.chandigarh.gov.in**
**ਪ੍ਰੈਸ ਨੋਟ**

ਚੰਡੀਗੜ੍ਹ, 25 ਅਗਸਤ :- ਚੰਡੀਗੜ੍ਹ ਦੇ ਜਿਲ੍ਹਾ ਮੈਜੀਸਟ੍ਰੇਟ ਸ਼੍ਰੀ ਬਰਜਿੰਦਰ ਸਿੰਘ ਨੇ ਯੂ.ਟੀ ਚੰਡੀਗੜ੍ਹ ਵਿਚ ਛੋਟੇ ਬੱਚਿਆਂ ਨੂੰ ਫਲਿਊਡ ਵੇਚਣ ਤੇ ਪ੍ਰਤੀਬੰਧ ਲਗਾਇਆ ਹੈ। ਪ੍ਰਤੀਬੰਧ 26 ਅਗਸਤ, 2010 ਨੂੰ ਲਾਗੂ ਹੋਵੇਗਾ ਅਤੇ 24 ਅਕਤੂਬਰ, 2010 ਤੱਕ ਪ੍ਰਭਾਵੀ ਰਹੇਗਾ।

ਇਹ ਆਦੇਸ਼ ਧਾਰਾ 144 ਸੀ.ਆਰ.ਪੀ.ਸੀ ਦੇ ਤਹਿਤ ਸੰਕਟਕਾਲੀਨ ਸਥਿਤੀਆਂ ਦੇ ਮਾਪਦੰਡਾਂ ਦੇ ਅੰਤਰਗਤ ਲਾਗੂ ਕੀਤਾ ਗਿਆ ਹੈ। ਇਹ ਆਦੇਸ਼ ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਲਾਗੂ ਕੀਤਾ ਗਿਆ ਹੈ ਕਿ ਕੁਝ ਛੋਟੇ ਬੱਚੇ ਜਿਹਨਾਂ ਵਿਚੋਂ ਵਿਸ਼ੇਸ਼ ਰੂਪ ਵਿਚ ਸਕੂਲੀ ਬੱਚੇ ਸ਼ਾਮਿਲ ਹਨ, ਟਾਈਪਿਸਟਾਂ ਦੁਆਰਾ ਟਾਈਪ ਕਰਨ ਵਿਚ ਹੋਈ ਗਲਤੀ ਨੂੰ ਸੁਧਾਰਨ ਲਈ ਪ੍ਰਯੋਗ ਕੀਤੇ ਜਾਣ ਵਾਲੇ ਕਰੈਕਸ਼ਨ ਫਲਿਊਡ ਦਾ ਪ੍ਰਯੋਗ ਕਰਕੇ ਅਪਰਾਧਿਕ ਵਾਰਦਾਤਾਂ ਨੂੰ ਅੰਜਾਮ ਦੇ ਸਕਦੇ ਹਨ।